ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ

(ਇਮਾਰਤਾਂ ਤੇ ਸੜਕਾਂ-1 ਸ਼ਾਖਾ)

ਪੰਜਾਬ ਦੇ ਰਾਜਪਾਲ ਜੀ ਦੇ ਹੁਕਮ

ਜਿਵੇ ਕਿ ਸ੍ਰੀ ਦਲਜੀਤ ਸਿੰਘ, ਕਾਰਜਕਾਰੀ ਇੰਜੀਨੀਅਰ(ਹੁਣ ਰਿਟਾਂ:), ਸ੍ਰੀ ਬਲਦੇਵ ਸਿੰਘ, ਉਪ ਮੰਡਲ ਅਫਸਰ(ਰਿਆਂ:)ਅਤੇ ਸ੍ਰੀ ਮੁਲਖ ਰਾਜ, ਜੇ.ਈ( ਰਿਟਾ:) ਨੂੰ ਸਰਕਾਰ ਦੇ ਪੱ.ਨੰ: 10/295/2014-ਇਸ1(2)/392038/1 ਮਿਤੀ 15-01-2015 ਰਾਹੀ ਪੰਜਾਬ ਸਿਵਲ ਸੇਵਾਵਾਂ ( ਸਜਾ ਅਤੇ ਅਪੀਲ) ਰੂਲਜ-1970 ਦੇ ਨਿਯਮ 8, ਅਤੇ ਨਿਯਮ 2.2 (ਬੀ)ਅਧੀਨ ਹੇਠ ਲਿਖੇ ਦੋਸ਼ਾਂ ਤਹਿਤ ਦੋਸ਼ ਸੂਚੀਆਂ ਜਾਰੀ ਕੀਤੀਆਂ ਗਈਆਂ ਸਨ:-

1. ਇਹ ਕਿ ਰੇਲਵੇ ਅੰਡਰ ਬਰਿਜ ਦੀਆਂ ਅਪਰੋਚਾਂ ਦਾ ਕੰਮ ਰੇਲਵੇ ਵਿਭਾਗ ਤੋ ਡਰਾਇੰਗਾਂ ਅਪਰੂਵ ਕਰਾਉਣ ਤੋ ਬਿਨਾਂ ਸ਼ੁਰੂ ਕੀਤਾ ਗਿਆ। ਰੇਲਵੇ ਵਿਭਾਗ ਵਲੋ ਅਪਰੂਵ ਕੀਤੀ ਡਰਾਇੰਗ ਅਤੇ ਮੁੱਖ ਇੰਜੀਨੀਅਰ ਲੋਕ ਨਿਰਮਾਣ ਵਿਭਾਗ ਤੋ ਅਪਰੂਵ ਕੀਤੀਆਂ ਡਰਾਇੰਗਾਂ ਕ੍ਰਮਵਾਰ ਬੈਡ ਲੈਵਲ 94.50 ਮੀਟਰ ਹੋਣ ਕਾਰਨ 1.92 ਮੀਟਰ ਫਰਕ ਆਉਣ ਕਾਰਨ ਇਸ ਫਰਕ ਨੂੰ ਠੀਕ ਕਰਨ ਲਈ 28,60,946/- ਰੁਪਏ ਖਰਚਾ ਵੱਧ ਹੋਣ ਕਾਰਨ ਸਰਕਾਰ ਨੂੰ ਵਿੱਤੀ ਨੁਕਸਾਨ ਪਹੁੰਚਾਣ ਕਾਰਨ ਇਨਾਂ ਤਿੰਨਾਂ ਅਧਿਕਾਰੀਆਂ / ਕਰਮਚਾਰੀਆਂ ਤੇ ਤੀਜੇ ਹਿੱਸੇ 9,53,649/- ਰੁਪਏ ਪ੍ਰਤੀ ਅਧਿਕਾਰੀ ਦੇ ਵਿੱਤੀ ਨੁਕਸਾਨ ਦੇ ਜਿੰਮੇਵਾਰ ਹੋਣ ਦਾ ਦੋਸ਼ ਲਗਾਇਆ ਗਿਆ ਸੀ।

2. ਇਹ ਕਿ ਰੇਲਵੇ ਵ੍ਰਿਭਾਗ ਤੋ ਡਰਾਇੰਗ ਅਪਰੂਵ ਨਾ ਕਰਾ ਕੇ ਅਤੇ ਰੇਲਵੇ ਵਿਭਾਗ ਤੋ ਡਰਾਇੰਗ ਅਪਰੂਵ ਕਰਾਏ ਬਿਨਾਂ ਕੰਮ ਕਰਾ ਕੇ ਡਿਊਟੀ ਤੋ ਕੁਤਾਹੀ ਕੀਤੀ ਹੈ।

2. ਜਿਵੇਕਿ ਇਨਾਂ ਅਧਿਕਾਰੀਆਂ ਵਲੋ ਦੋਸ਼ ਸੂਚੀ ਵਿਚ ਲਗਾਏ ਦੋਸ਼ਾਂ ਸਬੰਧੀ ਕੋਈ ਜਵਾਬ ਨਹੀ ਦਿੱਤਾ ਗਿਆ ਸੀ ਇਸ ਲਈ ਇਸ ਕੇਸ ਵਿਚ ਡਾ:ਅਰਵਿੰਦਰ ਸਿੰਘ ,ਆਈ.ਏ.ਐਸ(ਰਿਟਾ:) ਨੂੰ ਮਿਤੀ 3-1-2018 ਰਾਹੀ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ ।ਪੜਤਾਲੀਆ ਅਫਸਰ ਵਲੋ ਮਿਤੀ 17-4-2018 ਰਾਹੀ ਪੜਤਾਲ ਰਿਪੋਰਟ ਭੇਜਦੇ ਹੋਏ ਵਿਸਾ ਅੰਕਿਤ ਕੇਸ ਵਿੱਚ ਸ਼ਾਮਲ ਤਿੰਨੋ ਰਿਟਾਇਡ ਅਧਿਕਾਰੀਆਂ ਵਿਰੁੱਧ ਦੋਸ਼ ਸੂਚੀਆਂ ਵਿਚ ਲਗਾਏ ਗਏ ਦੋਨੋ ਦੋਸ਼ ਸਿੱਧ ਕੀਤੇ ਗਏ ਸਨ। ਇਸ ਲਈ ਪੜਤਾਲ ਰਿਪੋਰਟ ਦੀ ਕਾਪੀ ਤਿੰਨੋ ਦੋਸ਼ੀ ਅਧਿਕਾਰੀਆਂ ਨੂੰ ਮਿਤੀ 27-4-2018 ਰਾਹੀ ਮੁੱਖ ਇੰਜੀਨੀਅਰ, ਹੈ.ਕੁ, ਪਟਿਆਲਾ ਨੂੰ ਭੇਜ ਕੇ ਦੋਸ਼ੀ ਅਧਿਕਾਰੀਆਂ ਨੂੰ ਕਾਪੀਆਂ ਸਰਵ ਕਰਵਾ ਕੇ ਜਵਾਬ ਪੇਸ਼ ਕਰਨ ਲਈ ਲਿਖਿਆ ਗਿਆ ਸੀ।

3. ਜਿਵੇ ਕਿ ਇਨਾਂ ਅਧਿਕਾਰੀਆਂ ਵਲੋ ਪੜਤਾਲ ਰਿਪੋਰਟ ਦੇ ਸਬੰਧ ਵਿੱਚ ਜਵਾਬ ਦਿੰਦੇ ਹੋਏ ਆਪਣੇ ਉੱਤੇ ਲੱਗੇ ਦੋਸ਼ਾਂ ਨੂੰ ਮੰਨਣ ਤੋ ਇਨਕਾਰ ਕੀਤਾ ਗਿਆ। ਇਨਾਂ ਅਧਿਕਾਰੀਆਂ ਵਲੋ ਦਿੱਤੇ ਜਵਾਬ ਨੂੰ ਵਿਚਾਰਨ ਉਪਰੰਤ ਮਿਤੀ 29-7-2018 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ। ਨਿੱਜੀ ਸੁਣਵਾਈ ਸਮੇ ਤਿੰਨੋਂ ਅਧਿਕਾਰੀਆਂ ਵਲੋ ਐਗਰੀਮੈਂਟ/ ਟੈਂਡਰ ਡਾਕੂਮੈਂਟ ਦੀ ਕਾਪੀ ਪੇਸ਼ ਕਰਦੇ ਹੋਏ ਦੱਸਿਆ ਗਿਆ ਕਿ ਇਸ ਦੇ ਪੈਰਾ 2.5 ਅਨੁਸਾਰ ਕੰਟਰੈਕਟਰ ਜਿੰਮੇਵਾਰ ਹੈ:-

" The Contractor shall be responsible for the true and proper setting out of the works and all duties concerning the establishments of bench marks, permanent Theodolite stations, center line pillers etc. for performing all the fuctions necessary at commencement and duting the progress of the work till final completion of the items of work which shall be carried out by the contractor at his own cost."

ਇਸ ਤਰਾਂ ਉਕਤ ਕੇਸ ਵਿੱਚ ਕੰਟਰੈਕਟਰ ਦੀ ਜਿੰਮੇਵਾਰੀ ਹੋਣ ਕਰਕੇ ਕਾਰਜਕਾਰੀ ਇੰਜੀਨੀਅਰ ਦੇ ਪੱਤਰ ਮਿਤੀ 5-4-2018 ਦੀ ਰਿਕਵਰੀ ਸਬੰਧਤ ਏਜੰਸੀ ਪਾਸੋਂ ਦਸਵੇਂ ਫਾਈਨਲ ਬਿੱਲ ਵਿਚੋਂ PIDB ਦੀ 134 ਵੀਂ ਮੀਟਿੰਗ ਦੀ ਕਾਰਵਾਈ ਰਿਪੋਰਟ ਅਨੁਸਾਰ 28.61 ਲੱਖ ਰੁਪਏ ਰਕਮ ਵਸੂਲ ਲਈ ਗਈ ਹੈ। ਇਸ ਕੇਸ ਵਿੱਚ ਮੁੱਖ ਇੰਜੀਨੀਅਰ( ਆਈ.ਪੀ) ਵਲੋ ਟੈਂਡਰ ਕਾਲ ਕੀਤਾ ਗਿਆ ਅਤੇ ਡਰਾਇੰਗਾਂ ਅਪਰੂਵ ਕੀਤੀਆਂ ਗਈਆਂ ਸਨ। ਇਸ ਕੇਸ ਵਿੱਚ ਕੰਮ ਮਿਤੀ 31-8-2007 ਨੂੰ ਸ਼ੁਰੂ ਹੋ ਚੁੱਕਿਆ ਸੀ ਅਤੇ ਰੇਲਵੇ ਵਿਭਾਗ ਵਲੋਂ ਵੀ ਮਿਤੀ 10-5-2008 ਨੂੰ ਡਰਾਇੰਗਾਂ ਅਪਰੂਵ ਕਰ ਦਿੱਤੀਆਂ ਸਨ।

4. ਜਿਵੇ ਕਿ ਨਿੱਜੀ ਸੁਣਵਾਈ ਦੌਰਾਨ ਸਬੰਧਤ ਅਧਿਕਾਰੀਆਂ ਵਲੋ ਦਿੱਤੀਆਂ ਗਈਆਂ ਦਲੀਲਾਂ ਅਤੇ ਪੜਤਾਲੀਆ ਅਫਸਰ ਵਲੋ ਪੇਸ਼ ਕੀਤੀ ਗਈ ਪੜਤਾਲੀਆ ਰਿਪੋਰਟ ਨੂੰ ਵਾਚਣ ਤੇ ਪਾਇਆ ਹੈ ਇਸ ਕੇਸ ਵਿੱਚ ਸ੍ਰੀ ਦਲਜੀਤ ਸਿੰਘ, ਕਾਰਜਕਾਰੀ ਇੰਜੀਨੀਅਰ(ਰਿਟਾ:) , ਸ੍ਰੀ ਬਲਦੇਵ ਸਿੰਘ ਸੱਗੂ, ਉਪ ਮੰਡਲ ਇੰਜੀਨੀਅਰ(ਰਿਟਾ:) ਅਤੇ ਸ੍ਰੀ ਮੁਲਖ ਰਾਜ, ਜੇ.ਈ(ਰਿਟਾ:) ਵਿਰੁੱਧ ਕੋਈ ਵੀ ਦੋਸ਼ ਨਹੀਂ ਬਣਦਾ। ਕਿਉਕਿ ਸਰਕਾਰ ਨੂੰ ਵਿੱਤੀ ਨੁਕਸਾਨ ਨਹੀਂ ਹੋਇਆ ਜੋ ਵਿੱਤੀ ਨੁਕਸਾਨ ਹੋਇਆ ਸੀ , ਉਸ ਦੀ ਸਬੰਧਤ ਠੇਕੇਦਾਰ ਪਾਸੋਂ ਰਿਕਵਰੀ ਕਰ ਲਈ ਹੈ।

5. ਹੁਣ ਸ੍ਰੀ ਦਲਜੀਤ ਸਿੰਘ, ਕਾਰਜਕਾਰੀ ਇੰਜੀਨੀਅਰ(ਰਿਟਾ:) , ਸ੍ਰੀ ਬਲਦੇਵ ਸਿੰਘ ਸੱਗੂ, ਉਪ ਮੰਡਲ ਇੰਜੀਨੀਅਰ(ਰਿਟਾ:) ਅਤੇ ਸ੍ਰੀ ਮੁਲਖ ਰਾਜ, ਜੇ.ਈ(ਰਿਟਾ:) ਨੂੰ ਜਾਰੀ ਕੀਤੀਆਂ ਗਈਆਂ ਦੋਸ਼ ਸੂਚੀਆਂ, ਪੜਤਾਲੀਆ ਅਫਸਰ ਵਲੋ ਭੇਜੀ ਗਈ ਪੜਤਾਲ ਰਿਪੋਰਟ ਅਤੇ ਨਿੱਜੀ ਸੁਣਵਾਈ ਸਮੇਂ ਪੇਸ਼ ਕੀਤੇ ਗਏ ਤੱਥਾਂ/ ਰਿਕਾਰਡ ਨੂੰ ਗਹੁ ਨਾਲ ਵਿਚਾਰਨ ਉਪਰੰਤ ਇਨਾਂ ਅਧਿਕਾਰੀਆਂ ਨੂੰ ਜਾਰੀ ਕੀਤੀਆਂ ਗਈਆਂ ਦੋਸ਼ ਸੂਚੀਆਂ ਨੂੰ ਠੱਪ ਕਰਨ ਦਾ ਫੈਸਲਾ ਕੀਤਾ ਜਾਂਦਾ ਹੈ।

6. ਇਹ ਹੁਕਮ ਮਾਨਯੋਗ ਲੋਕ ਨਿਰਮਾਣ ਮੰਤਰੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

ਹੁਸਨ ਲਾਲ, ਆਈ.ਏ.ਐਸ
ਸਕੱਤਰ, ਪੰਜਾਬ ਸਰਕਾਰ,
ਲੋਕ ਨਿਰਮਾਣ ਵਿਭਾਗ।

ਮਿਤੀ,ਚੰਡੀਗੜ੍ਹ:
11-07-2018

ਪਿੱਠ.ਅੰ.ਨੰ: 10/105/2017-ਇਸ1(2)/ 1231597/5 ਮਿਤੀ,ਚੰਡੀਗੜ: | 3/18

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦ ਹੈ:-

1. ਮੁੱਖ ਇੰਜੀਨੀਅਰ, ਹੈਡ.ਕੁਆਟਰ, ਲੋਕ ਨਿਰਮਾਣ ਵਿਭਾਗ, ਭ ਤੇ , ਪਟਿਆਲਾ ਨੂੰ ਉਨਾਂ ਦੇ ਮੀਮੋ ਨੰ: 16/ਪ/12/ 3571/ਪੜਤਾਲ ਮਿਤੀ 25-11-2014 ਦੇ ਹਵਾਲੇ ਵਿੱਚ।
2. ਸ੍ਰੀ ਦਲਜੀਤ ਸਿੰਘ, ਕਾਰਜਕਾਰੀ ਇੰਜੀਨੀਅਰ(ਰਿਟਾ:) ਮਕਾਨ ਨੰ: 166, ਫੇਜ-2, ਮਾਡਲ ਟਾਊਨ, ਬਠਿੰਡਾ।
3. ਸ੍ਰੀ ਬਲਦੇਵ ਸਿੰਘ, ਉਪ ਮੰਡਲ ਇੰਜੀਨੀਅਰ(ਰਿਆ:) ਮਕਾਨ ਨੰ: 716, ਬਸੰਤ ਸਿਟੀ, ਥਰੀਕੇ (ਲੁਧਿਆਣਾ)
4. ਸ੍ਰੀ ਮੁਲਖ ਰਾਜ, ਜੇ.ਈ(ਰਿਟਾ:) ਮਕਾਨ ਨੰ: 13/910, ਜੰਡੀ ਵਾਲੀ ਗਲੀ, ਖੈਰਪੁਰ, ਸਿਰਸਾ( ਹਰਿਆਣਾ)
5. ਡਿਪਟੀ ਡਾਇਰੈਕਟਰ, ਆਈ.ਟੀ, ਦਫਤਰ ਮੁੱਖ ਇੰਜੀਨੀਅਰ, ਪੀ.ਆਰ.ਬੀ.ਡੀ.ਬੀ, ਮੁਹਾਲੀ ਨੂੰ ਲੋੜੀਂਦੀ ਕਾਰਵਾਈ ਹਿੱਤ।

ਵਿਸੇਸ਼ ਸਕੱਤਰ ਲੋਕ ਨਿਰਮਾਣ